# S.U.S. Govt. College, Sunam

Established in 1969, NAAC Accredited-Grade B ( CGPA 2.72 ) **Affiliated to:** Punjabi University, Patiala **E-mail:**gcsunam@gmail.com, **College website:** www.susgcsunam.com, **Tel:** 01676-220134


## *Extension Activities*

### *Extension Activities done in terms of impact & sensitizing students to social issues and holistic development*

**106. Event: National Level online Competition on Environment**

**Date: 05-06-2022**




**ਕੌਮੀ ਪੱਧਰ ਦੇ ਆਨਲਾਈਨ ਮੁਕਾਬਲੇ 'ਚ ਸੁਨਾਮ ਦੀ ਖ਼ੁਸ਼ਹਾਲੀ ਕਾਂਸਲ ਛਾਈ**

ਸੁਨਾਮ ਊਧਮ ਸਿੰਘ ਵਾਲਾ, 7 ਜੂਨ (ਭੁੱਲਰ, ਧਾਲੀਵਾਲ)- ਇਕ ਸਮਾਜਸੇਵੀ ਸੰਸਥਾ ਵਲੋਂ ਹਰਿਆਣਾ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਕੁਰੂਕਸ਼ੇਤਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਕੌਮੀ ਪੱਧਰ ਦੇ ਆਨਲਾਈਨ ਮੁਕਾਬਲੇ ਕਰਵਾਏ ਗਏ। ਜਿਸ ਵਿਚ ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਦੇ ਐਨ. ਐਸ. ਐਸ. ਯੂਨਿਟ-2 ਦੀ ਵਲੰਟੀਅਰ ਖ਼ੁਸ਼ਹਾਲੀ ਕਾਂਸਲ ਨੇ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਮੁਕਾਬਲੇ 'ਚ ਤੀਜਾ ਸਥਾਨ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਕਾਲਜ ਦਾ ਨਾਂਅ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਸ਼੍ਰੀਮਤੀ ਕਾਮਨਾ ਗੁਪਤਾ ਅਤੇ ਡਾ ਰਮਨਦੀਪ ਕੌਰ ਜੇਤੂ ਵਿਦਿਆਰਥਣ ਖ਼ੁਸ਼ਹਾਲੀ ਕਾਂਸਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲਿਆਂ 'ਚ ਭਾਗ ਲੈ ਕੇ ਜਿੱਥੇ ਵਿਦਿਆਰਥੀਆਂ ਵਿਚ ਸਵੈ-ਭਰੋਸੇ ਦੀ ਭਾਵਨਾ ਪੈਦਾ ਹੁੰਦੀ ਹੈ ਉੱਥੇ ਹੀ ਦੂਜੇ ਵਿਦਿਆਰਥੀਆਂ ਵਿਚ ਵੀ ਕੁਝ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ।

ਜੇਤੂ ਵਿਦਿਆਰਥਣ ਖ਼ੁਸ਼ਹਾਲੀ ਆਪਣਾ ਤਿਆਰ ਕੀਤਾ ਹੋਇਆ ਪੋਸਟਰ ਵਿਖਾਉਂਦੀ ਹੋਈ। ਤਸਵੀਰ : ਭੁੱਲਰ